

ਥਾਣਾ ਸ੍ਰੀ ਅਨੰਦਪੁਰ ਸਾਹਿਬ ਪੁਲਿਸ ਵਲੋਂ ਖੱਡ ਵਿਚੋਂ ਪ੍ਰਾਪਤ ਕੀਤੇ ਗਏ ਲਾਹਣ ਦੇ ਡਰੰਮ। ਤਸਵੀਰ : ਕਾਲੀਆ

# ਪੁਲਿਸ ਨੂੰ ਨਸ਼ਿਆਂ ਵਿਰੁੱਧ ਮਿਲੀ ਵੱਡੀ ਸਫਲਤਾ

## ਮਜਾਰੀ ਸੀਮਾ ਵਿਚ ਕੱਚੀ ਲਾਹਣ ਬਰਾਮਦ

ਢੇਰ, 27 ਜੂਨ (ਸ਼ਿਵ ਕੁਮਾਰ ਕਾਲੀਆ)-ਜ਼ਿਲ੍ਹਾ ਪੁਲਿਸ ਰੂਪਨਗਰ ਵਲੋਂ ਨਿਰੰਤਰ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਦੇ ਠਿਕਾਣਿਆਂ 'ਤੇ ਦਬਿਸ਼ ਦਿੱਤੀ ਜਾ ਰਹੀ ਹੈ। ਐਸ.ਐਸ.ਪੀ. ਰੂਪਨਗਰ ਵਿਵੇਕਸ਼ੀਲ ਸੋਨੀ ਦੇ ਨਿਰਦੇਸ਼ਾਂ ਤਹਿਤ ਡੀ.ਐਸ.ਪੀ. ਸ੍ਰੀ ਅਨੰਦਪੁਰ ਸਾਹਿਬ ਅਜੇ ਸਿੰਘ ਦੀਆਂ ਹਿਦਾਇਤਾਂ ਤੇ ਪੁਲਿਸ ਥਾਣਾ ਸ੍ਰੀ ਅਨੰਦਪੁਰ ਸਾਹਿਬ ਦੇ ਥਾਣਾ ਮੁਖੀ ਇੰਸਪੈਕਟਰ ਹਰਕੀਰਤ ਸਿੰਘ ਨੇ ਅੱਜ 27 ਜੂਨ 2023 ਨੂੰ ਪੰਜਾਬ ਹਿਮਾਚਲ ਪ੍ਰਦੇਸ਼ ਹੱਦ ਨਾਲ ਲੱਗਦੇ ਪਿੰਡ ਗੰਭੀਰਪੁਰ ਸੀਮਾ ਵਿਚ ਪਹੁੰਚ ਕੇ ਚੈਕਿੰਗ ਕੀਤੀ ਤੇ ਇੱਕ ਖੱਡ ਵਿਚੋਂ ਵੱਡੀ ਮਾਤਰਾ ਵਿਚ ਕੱਚੀ ਲਾਹਣ ਬਰਾਮਦ ਹੋਈ। ਜਿਸ ਸੰਬੰਧ ਵਿਚ ਥਾਣਾ ਸ੍ਰੀ ਅਨੰਦਪੁਰ ਸਾਹਿਬ ਵਿਚ ਐਫ.ਆਈ.ਆਰ. ਨੰਬਰ 80 ਮਿਤੀ 27/6/2023 ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਸਥਾਨਿਕ ਪੁਲਿਸ ਵਿਭਾਗ ਵਲੋਂ ਨਸ਼ਿਆਂ ਦੀ ਰੋਕਥਾਮ ਲਈ ਨਿਰੰਤਰ ਮੁਹਿੰਮ ਚਲਾਈ ਜਾ ਰਹੀ ਹੈ। ਪੰਜਾਬ ਹਿਮਾਚਲ ਪ੍ਰਦੇਸ਼ ਹੱਦ ਨਾਲ ਲੱਗਦੇ ਪਿੰਡ ਮਜਾਰੀ ਸੀਮਾ ਤੇ ਪਹਿਲਾਂ ਵੀ ਕਈ ਵਾਰ ਛਾਪੇਮਾਰੀ ਕੀਤੀ ਗਈ ਹੈ ਜਿੱਥੇ ਵੱਡੀ ਸਫਲਤਾ ਮਿਲੀ ਹੈ। ਇਸ ਵਾਰ ਅੱਠ ਡਰੰਮ ਕੱਚੀ ਲਾਹਣ ਬਰਾਮਦ ਹੋਈ ਹੈ ਜਿਸ ਵਿਚ ਲਗਭਗ ਬਾਰਾਂ ਸੌ ਲੀਟਰ ਲਾਹਣ ਬਰਾਮਦ ਹੋਈ ਹੈ ਇੱਥੇ ਇਹ ਲਿਖਣਾ ਜ਼ਰੂਰੀ ਬਣਦਾ ਹੈ ਕਿ ਪੰਜਾਬ ਹਿਮਾਚਲ ਦੀ ਸੀਮਾ ਨਾਲ ਪੈਂਦੀ ਇਹ ਖੱਡ ਨਸ਼ਾ ਤਸਕਰਾਂ ਦੇ ਲਈ ਨਸ਼ੇ ਦਾ ਮੁੱਖ ਅੱਡਾ ਹੈ ਜਿੱਥੇ ਉਹ ਵੱਡੀ ਮਾਤਰਾ ਵਿਚ ਸ਼ਰਾਬ ਕੱਢਦੇ ਹਨ ਪਿੰਡ ਮਜਾਰੀ ਨਾਲ ਸਬੰਧ ਰੱਖਣ ਵਾਲੇ ਇਹ ਨਸ਼ਾ ਤਸਕਰ ਅਕਸਰ ਹੀ ਹਿਮਾਚਲ ਪੁਲਿਸ ਦੀਆਂ ਅੱਖਾਂ ਵਿਚ ਧੂੜ ਪਾਉਣ ਲਈ ਆਪਣਾ ਰੁਖ ਪੰਜਾਬ ਵੱਲ ਕਰ ਲੈਂਦੇ ਹਨ ਜਿੱਥੇ ਪੰਜਾਬ ਪੁਲਿਸ ਵਲੋਂ ਇਹਨਾਂ ਨਸ਼ਾ ਤਸਕਰਾਂ ਉੱਤੇ ਕਾਰਵਾਈ ਕਰਕੇ ਇਨ੍ਹਾਂ ਨੂੰ ਕਰਾਰਾ ਜਵਾਬ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਪੰਜਾਬ ਅਤੇ ਹਿਮਾਚਲ ਪੁਲਿਸ ਵਲੋਂ ਸਾਂਝੇ ਤੌਰ 'ਤੇ ਵੀ ਇਸ ਖੱਡ ਵਿਚ ਨਸ਼ਾ ਵਿਰੋਧੀ ਸਫਲ ਕਾਰਵਾਈ ਕੀਤੀ ਜਾ ਚੁੱਕੀ ਹੈ।

ਅਜੀਤ
28-Jun-2023
Page: 5
http://epaper.ajitjalandhar.com/edition/20230628/10/5.cn